16 ਨਵੰਬਰ, 2018

# ਰਾਇਰਸਨ ਯੂਨੀਵਰਸਿਟੀ ਦਾ ਜੀ. ਰੇਮੰਡ ਚੈਂਗ ਸਕੂਲ ਆਫ ਕੰਟੀਨਿਊਂਗ ਐਜੁਕੇਸ਼ਨ ਬ੍ਰੈਂਪਟਨ ਵਿੱਚ ਕੋਰਸ ਪੇਸ਼ ਕਰਨਾ ਸ਼ੁਰੂ ਕਰੇਗਾ

ਬ੍ਰੈਂਪਟਨ, ਓਨਟੈਰੀਓ – ਅੱਜ, ਸਿਟੀ ਆਫ ਬ੍ਰੈਂਪਟਨ ਅਤੇ ਰਾਇਰਸਨ ਯੂਨੀਵਰਸਿਟੀ (Ryerson University) ਨੇ ਇੱਕ ਵੱਡੇ ਸਿੱਖਿਆ ਪ੍ਰੋਜੈਕਟ ਵਿੱਚ ਖਾਸ ਵਿਕਾਸ ਦਾ ਐਲਾਨ ਕੀਤਾ, ਜੋ ਸ਼ਹਿਰ ਨੂੰ ਬਦਲ ਦੇਵੇਗਾ।

ਰਾਇਰਸਨ ਯੂਨੀਵਰਸਿਟੀ ਦਾ ਜੀ. ਰੇਮੰਡ ਚੈਂਗ ਸਕੂਲ ਆਫ ਕੰਟੀਨਿਊਂਗ ਐਜੁਕੇਸ਼ਨ (G. Raymond Chang School of Continuing Education) ਜਨਵਰੀ 2019 ਵਿੱਚ, ਡਾਊਨਟਾਊਨ ਬ੍ਰੈਂਪਟਨ ਵਿੱਚ ਅਧਿਕਾਰਤ ਤੌਰ ਤੇ ਕੋਰਸ ਪੇਸ਼ ਕਰਨਾ ਸ਼ੁਰੂ ਕਰੇਗਾ।

ਮੇਅਰ ਲਿੰਡਾ ਜੈਫਰੀ (Linda Jeffrey) ਨੇ ਕਿਹਾ, “ਇਹ ਸਿਟੀ ਆਫ ਬ੍ਰੈਂਪਟਨ ਦਾ ਰਾਇਰਸਨ ਨਾਲ ਮਿਲ ਕੇ ਕੰਮ ਕਰਨ ਦਾ ਇੱਕ ਵੱਡਾ ਅਗਲਾ ਕਦਮ ਹੈ।” ਉਹਨਾਂ ਨੇ ਅੱਗੇ ਕਿਹਾ, “ਮੈਂ ਚੈਂਗ ਸਕੂਲ, ਅਤੇ ਇਸਦੇ ਨਾਲ ਮਿਲਣ ਵਾਲੇ ਸਿਖਲਾਈ ਅਤੇ ਨਵੀਨਤਾ ਦੇ ਮਹੱਤਵਪੂਰਨ ਮੌਕਿਆਂ ਦਾ ਸੁਆਗਤ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਇਕੱਠੇ ਮਿਲ ਕੇ, ਸਿਟੀ ਆਫ ਬ੍ਰੈਂਪਟਨ ਅਤੇ ਰਾਇਰਸਨ ਯੂਨੀਵਰਸਿਟੀ ਸਾਡੇ ਸ਼ਹਿਰ ਵਿੱਚ ਸਿੱਖਿਆ ਦਾ ਚਿਹਰਾ ਬਦਲ ਦੇਣਗੇ।”

ਸਾਈਬਰਸਿਕਿਓਰਿਟੀ (Cybersecurity) ਵਿੱਚ ਕੰਪਿਊਟਰ ਸਿਕਿਓਰਿਟੀ ਐਂਡ ਡਿਜੀਟਲ ਫੋਰੈਂਸਿਕਸ (Computer Security and Digital Forensics) ਦੇ ਸਰਟੀਫਿਕੇਟ ਦੁਆਰਾ, ਪਹਿਲਾ ਕੋਰਸ 14 ਜਨਵਰੀ, 2019 ਤੋਂ ਸ਼ੁਰੂ ਹੋਵੇਗਾ ਅਤੇ ਡਾਊਨਟਾਊਨ ਬ੍ਰੈਂਪਟਨ ਵਿੱਚ ਜੌਰਜ ਸਟ੍ਰੀਟ (George Street) ਤੇ ਵੈਸਟ ਟਾਵਰ (West Tower) ਵਿੱਚ ਸੋਮਵਾਰ ਅਤੇ ਵੀਰਵਾਰ ਸ਼ਾਮ ਨੂੰ ਚੱਲਣਗੇ। ਸਕੂਲ ਦੇ ਅਧਿਕਾਰੀ ਸਵਾਲਾਂ ਦੇ ਜਵਾਬ ਦੇਣ ਅਤੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਮੁਹੱਈਆ ਕਰਨ ਲਈ ਸਿਟੀ ਹਾਲ ਐਟਰੀਅਮ (City Hall Atrium) ਵਿਖੇ ਸ਼ਨੀਵਾਰ, 17 ਨਵੰਬਰ ਨੂੰ ਮੌਜੂਦ ਹੋਣਗੇ।

ਉਹ ਕੋਰਸ ਕੰਪਿਊਟਰ ਨੈਟਵਰਕ ਸਿਕਿਓਰਿਟੀ (Computer Network Security) (CKDF 110) ਅਤੇ ਸਿਕਿਓਰਿਟੀ ਆਰਕੀਟੈਕਟਰ ਐਂਡ ਡਿਜ਼ਾਈਨ (Security Architecture and Design) (CKDF 140) ਹਨ।

ਕਾਊਂਸਲਰ ਅਤੇ ਇਕੋਨੋਮਿਕ ਡੈਵਲੈਪਮੈਂਟ ਚੇਅਰ, ਜੈਫ ਬੋਮੈਨ (Jeff Bowman) ਨੇ ਕਿਹਾ, “ਸਾਈਬਰਸਿਕਿਓਰਿਟੀ, ਬ੍ਰੈਂਪਟਨ ਵਿੱਚ ਅਤੇ ਪੂਰੀ ਦੁਨੀਆ ਵਿੱਚ ਕਈ ਕਾਰੋਬਾਰੀਆਂ ਲਈ ਮੁੱਖ ਤਰਜੀਹ ਹੈ।” ਉਹਨਾਂ ਨੇ ਅੱਗੇ ਕਿਹਾ, “ਚੈਂਗ ਸਕੂਲ ਪ੍ਰੋਗਰਾਮਿੰਗ, ਅਤੇ ਡਾਊਨਟਾਊਨ ਲਈ ਭਵਿੱਖੀ ਯੋਜਨਾਵਾਂ, ਇਨ-ਡਿਮਾਂਡ ਨੌਕਰੀਆਂ ਲਈ ਪੇਸ਼ਾਵਰ ਕੁਸ਼ਲਤਾਵਾਂ ਦਾ ਨਿਰਮਾਣ ਕਰਨ ਲਈ, ਸਾਡੇ ਬਹੁਤ ਹੀ ਵੰਨ-ਸੁਵੰਨੇ ਅਤੇ ਪ੍ਰਤਿਭਾਵਾਨ ਨਿਵਾਸੀਆਂ ਲਈ ਵਧੀਆ ਮੌਕੇ ਪੇਸ਼ ਕਰਦੀਆਂ ਹਨ।”

ਚੈਂਗ ਸਕੂਲ, ਬਾਲਗ ਵਿਦਿਆਰਥੀਆਂ ਲਈ ਤਿਆਰ ਕੀਤਾ ਮਹੱਤਵਪੂਰਨ, ਸਿੱਖਿਆ ਸਬੰਧੀ ਵਧੀਆ ਪ੍ਰੋਗਰਾਮਿੰਗ ਮੁਹੱਈਆ ਕਰਦੇ ਹੋਏ, ਸਿੱਖਿਆ ਅਤੇ ਜੀਵਨਭਰ ਦੀ ਸਿਖਲਾਈ ਲਈ ਵਚਨਬੱਧ ਹੈ।

ਜੀ. ਰੇਮੰਡ ਚੈਂਗ ਸਕੂਲ ਆਫ ਕੰਟੀਨਿਊਂਗ ਐਜੁਕੇਸ਼ਨ ਦੀ ਡੀਨ, ਡਾ. ਮੈਰੀ ਬਾਉਨਟ੍ਰੋਗਿਆਨੀ (Marie Bountrogianni) ਨੇ ਕਿਹਾ, "ਅਸੀਂ ਇਹ ਮਹੱਤਵਪੂਰਨ ਕੋਰਸ ਪੇਸ਼ਕਸ਼ਾਂ ਬ੍ਰੈਂਪਟਨ ਦੇ ਭਾਈਚਾਰੇ ਵਿੱਚ ਲਿਆਉਣ ਲਈ ਅਤੇ ਸਾਈਬਰਸਿਕਿਓਰਿਟੀ ਦੀਆਂ ਭਵਿੱਖੀ ਚੁਣੌਤੀਆਂ ਲਈ, ਤਕਨੀਕੀ-ਖੇਤਰ ਦੇ ਵਰਕਰਾਂ ਦੀ ਅਗਲੀ ਲਹਿਰ ਤਿਆਰ ਕਰਨ ਲਈ ਉਤਸ਼ਾਹਿਤ ਹਾਂ।" ਉਹਨਾਂ ਨੇ ਅੱਗੇ ਕਿਹਾ, "ਕੁਸ਼ਲਤਾਵਾਂ ਅਤੇ ਗਿਆਨ ਵਿਚਕਾਰ ਅੰਤਰ, ਜੋ ਇਸ ਵੇਲੇ

BRAMPTON Flower City brampton.ca

media release

ਇਸ ਉੱਭਰਦੀ ਇੰਡਸਟਰੀ ਵਿੱਚ ਮੌਜੂਦ ਹੈ, ਨੂੰ ਖ਼ਤਮ ਕਰਨ ਵਿੱਚ ਮਦਦ ਲਈ, ਬ੍ਰੈਂਪਟਨ ਦੇ ਨੌਜਵਾਨ ਅਤੇ ਵੰਨ-ਸੁਵੰਨੇ ਟੈਲੈਂਟ ਪੂਲ ਲਈ ਸਿਖਲਾਈ ਦੇ ਖਾਸ ਮੌਕੇ ਪੈਦਾ ਕਰਨਾ ਸਾਡੀ ਖੁਸ਼ਕਿਸਮਤੀ ਹੈ।"

ਜਦੋਂ ਦਾ ਸੂਬੇ ਨੇ ਮਾਰਖਮ (Markham), ਮਿਲਟਨ (Milton) ਅਤੇ ਬ੍ਰੈਂਪਟਨ ਵਿੱਚ ਯੂਨੀਵਰਸਿਟੀ ਪ੍ਰੋਜੈਕਟਾਂ ਲਈ ਫੰਡਿੰਗ ਦੇ ਸਬੰਧ ਵਿੱਚ ਆਪਣੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ, ਸਿਟੀ ਨੇ ਡਾਊਨਟਾਊਨ ਬ੍ਰੈਂਪਟਨ ਵਿੱਚ ਰਾਇਰਸਨ ਯੂਨੀਵਰਸਿਟੀ ਅਤੇ ਸ਼ੈਰੀਡਨ ਕਾਲੇਜ (Sheridan College) ਨੂੰ ਸਥਾਪਤ ਕਰਨ ਲਈ, ਕਈ ਪਹਿਲਕਦਮੀਆਂ ਅਤੇ ਵਿਕਲਪਾਂ ਤੇ ਉਹਨਾਂ ਨਾਲ ਮਿਲ ਕੇ ਲਗਾਤਾਰ ਕੰਮ ਕੀਤਾ ਹੈ। ਯੋਜਨਾਬੱਧ ਡਾਊਨਟਾਊਨ ਨਵੀਨਤਾਕਾਰੀ ਕੇਂਦਰ (ਇਨੋਵੇਸ਼ਨ ਹਬ), ਲਾਇਬ੍ਰੇਰੀ ਅਤੇ ਖਾਸ ਸਾਈਬਰਸਿਕਿਓਰਿਟੀ ਇੰਸਟੀਟਿਊਟ ਲਈ ਸਿਟੀ ਫੰਡਿੰਗ ਪ੍ਰਭਾਵੀ ਰਹੇਗੀ, ਜਦਕਿ ਸਮੁੱਚੇ ਪ੍ਰੋਜੈਕਟ ਦੇ ਉਹਨਾਂ ਤੱਤਾਂ ਲਈ ਯੋਜਨਾਬੰਦੀ ਪ੍ਰਕਿਰਿਆ ਰਾਇਰਸਨ ਅਤੇ ਸ਼ੈਰੀਡਨ ਕਾਲੇਜ ਦੋਵਾਂ ਦੇ ਨਾਲ ਇਕੱਠੇ ਜਾਰੀ ਰਹੇਗੀ।

ਬ੍ਰੈਂਪਟਨ ਵਿੱਚ ਜੀ. ਰੇਮੰਡ ਚੈਂਗ ਸਕੂਲ ਆਫ ਕੰਟੀਨਿਊਂਗ ਐਜੂਕੇਸ਼ਨ ਦਾ ਸੰਚਾਲਨ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਵਿਕਾਸ ਹੈ। ਬ੍ਰੈਂਪਟਨ 2019 ਵਿੱਚ ਡਾਊਨਟਾਊਨ ਬ੍ਰੈਂਪਟਨ ਵਿੱਚ ਇੱਕ ਨਵਾਂ ਬਿਜਨਸ ਇਨਕਿਊਬੇਟਰ ਖੋਲ੍ਹਣ ਦੇ ਕੰਮ ਵਿੱਚ ਵੀ ਅੱਗੇ ਵਧ ਰਿਹਾ ਹੈ। ਰਾਇਰਸਨ ਯੂਨੀਵਰਸਿਟੀ ਨੇ ਇਸ ਪਹਿਲਕਦਮੀ ਵਿੱਚ ਆਪਣਾ ਸਹਿਯੋਗ ਦਰਸਾਇਆ ਹੈ, ਅਤੇ ਉਹਨਾਂ ਦਾ ਉਦੇਸ਼ ਐਂਟਰਪ੍ਰੀਨੀਅਰ ਵਿਕਾਸ ਅਤੇ ਨਵੀਨਤਾ ਦੋਵਾਂ ਵਿੱਚ ਆਪਣੀ ਮੁੱਖ ਮੁਹਾਰਤ ਨੂੰ ਸ਼ਾਮਲ ਕਰਨਾ ਹੈ। ਰਾਇਰਸਨ ਦੇ ਡੀ.ਐਮ.ਜ਼ੈਡ. (DMZ) ਨੂੰ ਹੁਣੇ ਜਿਹੇ ਹੀ ਦੁਨੀਆ ਦੇ ਨੰਬਰ ਵਨ ਯੂਨੀਵਰਸਿਟੀ-ਅਧਾਰਿਤ ਇਨਕਿਊਬੇਟਰ ਦੇ ਤੌਰ ਤੇ ਮਾਨਤਾ ਮਿਲੀ ਹੈ।

ਇਛੁੱਕ ਵਿਦਿਆਰਥੀ ਇੱਥੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਬ੍ਰੈਂਪਟਨ ਵਿੱਚ ਪਹਿਲੇ ਚੈਂਗ ਸਕੂਲ ਦੇ ਕੋਰਸਾਂ ਲਈ ਰਜਿਸਟਰ ਕਰ ਸਕਦੇ ਹਨ: https://ce-online.ryerson.ca

ਬ੍ਰੈਂਪਟਨ ਦੇ ਯੂਨੀਵਰਸਿਟੀ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ: www.brampton.ca/university

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

ਮੀਡੀਆ ਸੰਪਰਕ
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca